# ਲੋਕਾਂ ਨੂੰ ਚੌਕਸ ਰਹਿਣ ਦੀ ਲੋੜ ਹੈਃ

ਪੰਜਾਬ ਪੁਲੀਸ ਨੇ ਮੰਗਲਵਾਰ ਜੂਨ 14 ਨੂੰ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਸਿਮਰਨਜੀਤ ਸਿੰਘ ਮਾਨ ਨੂੰ ਦੇਸ਼-ਧ੍ਰੋਹ ਦੇ ਇਲਜ਼ਾਮ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਕਿਹਾ ਜਾਂਦਾ ਹੈ ਕਿ ਮਾਨ ਨੂੰ ਹਰਿਮੰਦਰ ਸਾਹਿਬ ਵਿਖੇ ਜੂਨ 6 ਨੂੰ ਹੋਏ ਜਲਸੇ ਵਿਚ `ਖ਼ਾਲਿਸਤਾਨ ਦੀ ਮੰਗ` ਕਰਨ ਅਤੇ `ਭੜਕਾਊ ਨਾਅਰੇ` ਲਾਉਣ ਕਰਕੇ ਫੜਿਆ ਗਿਆ ਹੈ। ਸ਼ਿਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੁਖ ਮੰਤ੍ਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਗਿਰਫਤਾਰੀ ਨੂੰ ਪੰਜਾਬ ਦੀ ਕਾਂਗਰਸ ਸਰਕਾਰ ਵਲੋਂ ਇਕ ਡਰਾਮਾ ਦੱਸਿਆ ਹੈ ਜੋ ਕਾਂਗਰਸ ਅਤੇ ਮੁੱਖ ਮੰਤ੍ਰੀ ਚੋਣਾਂ ਜਿਤਣ ਦੀ ਤਿਆਰੀ ਲਈ ਕਰ ਰਹੇ ਹਨ। ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬੀਬੀ ਜਗੀਰ ਕੌਰ ਨੇ ਵੀ ਸਿਮਰਨਜੀਤ ਸਿੰਘ ਮਾਨ ਦੀ ਗ੍ਰਿਫ਼ਤਾਰੀ ਨੂੰ ਕਾਂਗਰਸ ਸਰਕਾਰ ਦੀ ਇਕ ਸਾਜ਼ਿਸ਼ ਦੱਸਿਆ ਹੈ ਅਤੇ ਕਿਹਾ ਹੈ ਕਿ ਇਹ ਚਾਲ ਅਕਾਲੀਆਂ ਨੂੰ ਕਮਜ਼ੋਰ ਕਰਨ ਲਈ ਹੈ।

ਸਿਮਰਨਜੀਤ ਮਾਨ ਨੂੰ ਗ੍ਰਿਫ਼ਤਾਰ ਕਰਨ ਲਈ ਦਿਤੀ ਗਈ ਪੰਜਾਬ ਸਰਕਾਰ ਦੀ ਦਲੀਲ ਅਤੇ `ਦੇਸ਼-ਧ੍ਰੋਹ` ਦੇ ਇਲਜ਼ਾਮ ਨੂੰ ਕੋਈ ਵੀ ਇਨਸਾਫ ਪਸੰਦ ਇਨਸਾਨ ਸਹੀ ਨਹੀਂ ਕਹਿ ਸਕਦਾ। ਹਰੇਕ ਇਨਸਾਨ ਨੂੰ ਆਪਣੀ ਜ਼ਮੀਰ ਰੱਖਣ ਦਾ ਬੁਨਿਆਦੀ ਹੱਕ ਹੈ। ਇਸ ਹੱਕ ਦੇ ਤਹਿਤ ਹਰੇਕ ਇਨਸਾਨ ਕਿਸੇ ਵੀ ਸਿਆਸੀ ਅਤੇ ਆਰਥਕ ਰੂਪ-ਰੇਖਾ ਅਤੇ ਤੰਤਰ ਦਾ ਨਜ਼ਰੀਆ ਰੱਖ ਸਕਦਾ ਹੈ ਅਤੇ ਆਪਣੇ ਨਜ਼ਰੀਏ ਨੂੰ ਲੋਕਾਂ ਦੇ ਸਾਹਮਣੇ ਪੇਸ਼ ਕਰ ਸਕਦਾ ਹੈ ਅਤੇ ਇਸ ਬਾਰੇ ਮੰਗ ਵੀ ਕਰ ਸਕਦਾ ਹੈ। ਪੰਜਾਬ ਸਰਕਾਰ ਦੀਆਂ ਦਲੀਲਾਂ ਨੂੰ ਕੋਈ ਵੀ ਇਨਸਾਫ ਪਸੰਦ ਇਨਸਾਨ ਮੰਨ ਨਹੀਂ ਸਕਦਾ ਕਿਉਂਕਿ ਇਹ ਸਭਨਾਂ ਦੇ ਜ਼ਮੀਰ ਦੇ ਹੱਕ ਤੇ ਹਮਲਾ ਹੈ। ਪੰਜਾਬ ਸਰਕਾਰ ਨੂੰ ਕੋਈ ਵੀ ਹੱਕ ਨਹੀਂ ਕਿ ਲੋਕਾਂ ਦੇ ਇਸ ਬੁਨਿਆਦੀ ਅਧਿਕਾਰ, ਜ਼ਮੀਰ ਦੇ ਹੱਕ, ਉਤੇ ਸੱਟ ਮਾਰੇ ਤੇ ਇਸ ਦੀ ਉਲੰਘਣਾ ਕਰੇ। ਇਹ ਸਿਧੇ ਤੌਰ ਤੇ ਜ਼ਮੀਰ ਦੇ ਹੱਕ ਤੇ ਹਮਲਾ ਹੈ।

ਕਾਂਗਰਸ ਦੀ ਸਰਕਾਰ ਅਤੇ ਮੁੱਖ ਮੰਤਰੀ ਆਪਣੇ ਜਾਂ ਕਾਂਗਰਸ ਦੇ ਨਜ਼ਰੀਏ ਦੇ ਅਨੁਸਾਰ ਸੈਕੂਲਰਵਾਦ, ਲਿਬਰਲਾਈਜ਼ੇਸ਼ਨ ਅਤੇ ਹੋਰ ਤਰਾਂ ਦੇ ਨਾਅਰੇ ਲਾਉਂਦੇ ਹਨ। ਇਸੇ ਤਰਾਂ ਬੀ.ਜੇ.ਪੀ. ਅਤੇ ਹੋਰ ਜਥੇਬੰਦੀਆਂ ਕਦੇ ਰਾਮ-ਰਾਜ ਦਾ ਨਾਅਰਾ ਲਾਉਂਦੀਆਂ ਹਨ ਅਤੇ ਕਦੇ ਹਿੰਦੂਤਵ ਦਾ। ਸੀ.ਪੀ.ਆਈ, ਸੀ.ਪੀ.ਐਮ ਅਤੇ ਹੋਰ ਕਈ ਜਥੇਬੰਦੀਆਂ ਅਤੇ ਲੋਕ ਹਨ ਜੋ ਸੋਸ਼ਲਿਜ਼ਮ ਦਾ ਨਾਅਰਾ ਲਾਉਂਦੇ ਹਨ। ਅਕਾਲੀ ਪਾਰਟੀ ਵੀ ਸਮੇਂ ਸਮੇਂ ਪੰਥ ਦੇ ਰਾਜ ਦਾ ਨਾਅਰਾ ਲਾਉਂਦੀ ਰਹਿੰਦੀ ਹੈ। ਸਿਖ ਧਰਮ ਦੇ ਸਾਰੇ ਪੈਰੋਕਾਰ ਆਪਣੀ ਹਰ ਅਰਦਾਸ ਵਿਚ ਕਹਿੰਦੇ ਹਨ ਕਿ " ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ"।

ਇਨ੍ਹਾਂ ਸਾਰਿਆਂ ਨੂੰ ਆਪੋ ਆਪਣੇ ਵਿਚਾਰ ਰੱਖਣ ਦਾ ਤੇ ਪੇਸ਼ ਕਰਨ ਦਾ ਪੂਰਾ ਪੂਰਾ ਹੱਕ ਹੈ। ਇਹ ਇਕ ਵੱਖਰੀ ਗੱਲ ਹੈ ਕਿ ਇਹਨਾਂ ਦੇ ਪੇਸ਼ ਕੀਤੇ ਗਏ ਨਜ਼ਰੀਏ ਨਾਲ ਚਾਹੇ ਕੋਈ ਸਹਿਮਤ ਹੋਵੇ ਜਾਂ ਨਾ ਹੋਵੇ, ਲੇਕਿਨ, ਇਹ ਇਕ ਜ਼ਮੀਰ ਦਾ ਮਸਲਾ ਹੈ ਅਤੇ ਜ਼ਮੀਰ ਰੱਖਣ ਦਾ ਹੱਕ ਸਭਨਾ ਨੂੰ ਹੈ ਅਤੇ ਇਹ ਇਕ ਬੁਨਿਆਦੀ ਹੱਕ ਹੈ। ਹਾਂ, ਜੇ ਕਰ ਕੋਈ ਵਿਅਕਤੀ ਨਸਲਵਾਦੀ, ਲਿੰਗਵਾਦੀ, ਜਾਂ ਫਿਰਕੂ ਵਿਚਾਰਾਂ ਦਾ ਪ੍ਰਚਾਰ ਕਰਕੇ ਹੋਰਨਾਂ ਦੀ ਨਸਲਕੁਸ਼ੀ ਜਾਂ ਇਨਸਾਨਾਂ ਨੂੰ ਜ਼ਲੀਲ ਕਰਨ ਦੇ `ਹੱਕ` ਦੀ ਮੰਗ ਕਰਦਾ ਹੈ ਤਾਂ ਉਹ ਆਪਣੇ ਜ਼ਮੀਰ ਦੇ ਹੱਕ ਨੂੰ ਗੁਆ ਬੈਠਦਾ ਹੈ।

ਸਿਮਰਨਜੀਤ ਸਿੰਘ ਮਾਨ ਦਾ ਖਾਲਿਸਤਾਨ ਦਾ ਨਜ਼ਰੀਆ ਅਤੇ ਨਾਅਰਾ ਲੋਕਾਂ ਦੇ ਹੱਕ ਅਤੇ ਹਿਤਾਂ ਦੀ ਪੂਰਤੀ ਕਰਨ ਵਾਲਾ ਨਜ਼ਰੀਆ ਨਹੀਂ ਅਤੇ ਪੰਜਾਬ ਦੇ ਲੋਕਾਂ ਨੂੰ ਦਰਪੇਸ਼ ਮਸਲਿਆਂ ਦਾ ਹੱਲ ਖ਼ਾਲਿਸਤਾਨ ਨਹੀਂ। ਪਰ ਉਹਨੂੰ ਇਹ ਨਾਅਰਾ ਅਤੇ ਨਜ਼ਰੀਆ ਰੱਖਣ ਅਤੇ ਪੇਸ਼ ਕਰਨ ਦਾ ਮੁਕੰਮਲ ਹੱਕ ਹੈ। ਇਹ ਉਹਦੀ ਜ਼ਮੀਰ ਦਾ ਹੱਕ ਹੈ। ਜ਼ਮੀਰ ਦੇ ਹੱਕ ਦੀ ਰਾਖੀ ਕਰਨੀ ਸਾਰੇ ਇਨਸਾਫ਼ਪਸੰਦ ਅਤੇ ਅਗਾਂਹਵਧੂ ਲੋਕਾਂ ਦਾ ਫ਼ਰਜ਼ ਵੀ ਹੈ ਅਤੇ ਜ਼ਿੰਮੇਵਾਰੀ ਵੀ। ਹਿੰਦੁਸਤਾਨ ਦੇ ਸੰਘ ਨੇ ਅੱਜ ਤੱਕ ਕੌਮਾਂ, ਕੌਮੀਅਤਾਂ, ਅਤੇ ਕਬਾਇਲਾਂ ਲੋਕਾਂ ਤੇ ਜਬਰ ਕੀਤਾ ਹੈ ਤੇ ਉਨ੍ਹਾਂ ਦੇ ਹੱਕ ਮਾਰੇ ਹਨ ਪਰ ਫੇਰ ਵੀ ਕੇਂਦਰ ਵਿਚ ਰਾਜ ਕਰਨ ਰਹੀਆਂ ਤੇ ਕਰ ਹਟੀਆਂ ਸਾਰੀਆਂ ਸਿਆਸੀ ਪਾਰਟੀਆਂ ਹਿੰਦੋਸਤਾਨ ਦੀ `ਏਕਤਾ ਅਤੇ ਇਲਾਕਾਈ ਅਖੰਡਤਾ` ਦੇ ਨਾਅਰੇ ਵੀ ਲਾਉਂਦੀਆਂ ਹਨ ਤੇ ਇਹਨੂੰ ਨੂੰ ਹੋਰ ਹਰ ਚੀਜ਼ ਤੋਂ ਉਪਰ ਵੀ ਰਖਦੀਆਂ ਹਨ। ਜਿਸ ਤਰ੍ਹਾਂ ਇਨ੍ਹਾਂ ਨੂੰ ਇਹ ਨਾਅਰੇ ਲਾਉਣ ਦਾ ਹੱਕ ਹੈ ਇਸੇ ਤਰ੍ਹਾਂ ਬਾਕੀ ਸਾਰਿਆਂ ਨੂੰ ਵੀ ਆਪਣੇ ਖ਼ਿਆਲ ਪੇਸ਼ ਕਰਨ ਅਤੇ ਨਾਅਰੇ ਲਾਉਣ ਦਾ ਹੱਕ ਹੈ। ਖ਼ਾਲਿਸਤਾਨ ਦੀ ਮੰਗ ਵੀ ਉਤਨੀ ਹੀ ਵਾਜਿਬ ਹੈ ਜਿਤਨੀ ਹਿੰਦੁਸਤਾਨ ਦੀ `ਏਕਤਾ ਅਤੇ ਅਖੰਡਤਾ ` ਦੀ। ਜੇ ਮਾਨ ਨੇ ਖ਼ਾਲਿਸਤਾਨ ਦਾ ਨਾਅਰਾ ਲਾਇਆ ਹੈ ਤਾਂ ਉਸ ਨੇ ਆਪਣੇ ਜ਼ਮੀਰ ਰੱਖਣ ਦੇ ਬੁਨਿਆਦੀ ਹੱਕ ਦੀ ਹੀ ਵਰਤੋਂ ਕੀਤੀ ਹੈ ਕੋਈ ਗੁਨਾਹ ਨਹੀਂ ਕੀਤਾ।

ਜੇ ਕੋਈ ਉਹਦੀ ਗੱਲ ਨਾਲ ਸਹਿਮਤ ਨਹੀਂ ਤਾਂ ਲੋਕਾਂ ਨੂੰ ਦੱਸੇ ਕਿ ਸਿਮਰਨਜੀਤ ਸਿੰਘ ਮਾਨ ਦੀ ਗੱਲ ਸੁਣਨੀ ਅਤੇ ਉਹਦੇ ਮਗਰ ਲੱਗਣਾ ਕਿਉਂ ਨੁਕਸਾਨਦਾਇਕ ਹੈ। ਸਾਡੇ ਖਿਆਲ ਵਿਚ ਸਿਮਰਨਜੀਤ ਸਿੰਘ ਮਾਨ ਅਤੇ ਉਹਦੀ ਪਾਰਟੀ ਦੀ ਸਿਆਸਤ  ਲੋਕ ਪੱਖੀ ਸਿਆਸਤ ਨਹੀਂ ਹੈ। ਪਿਛਲੇ 20 ਸਾਲਾਂ ਤੋਂ ਉਸਨੇ ਕੋਈ ਵੀ ਲੋਕ ਪੱਖੀ ਸੇਧ ਪੇਸ਼ ਨਹੀਂ ਕੀਤੀ ਜਿਸ ਨਾਲ ਪੰਜਾਬ ਦੇ ਲੋਕ ਆਪਣੇ ਮਸਲੇ ਹੱਲ ਕਰ ਸਕਣ। ਉਹਨੇ ਪੰਜਾਬ ਦੇ ਲੋਕਾਂ ਨੂੰ ਦਰਪੇਸ਼ ਕਿਸੇ ਵੀ ਮਸਲੇ ਦੇ ਹੱਲ ਲਈ ਕੋਈ ਵੀ ਇਨਸਾਫ ਪਸੰਦ ਤਜਵੀਜ਼ ਲੋਕਾਂ ਸਾਹਮਣੇ ਪੇਸ਼ ਨਹੀਂ ਕੀਤੀ ਜਿਸ ਤੇ ਲੋਕਾਂ ਨੂੰ ਇਕੱਠੇ ਕੀਤਾ ਜਾ ਸਕੇ। ਉਹਦੀ ਸਿਆਸਤ ਹਾਕਮ ਜਮਾਤਾਂ ਦੀ ਪਾੜੋ ਤੇ ਰਾਜ ਕਰੋ ਦੀ ਸਿਆਸਤ ਦਾ ਹੀ ਇਕ ਹਿਸਾ ਹੈ ਜਿਹਦਾ ਮਤਲਬ ਪੰਜਾਬ ਦੇ ਲੋਕਾਂ ਨੂੰ ਫ਼ਿਰਕੂ ਅਧਾਰ ਤੇ ਪਾੜ ਕੇ ਅਮੀਰਾਂ ਦੀ ਲੁੱਟ ਨੂੰ ਜਾਰੀ ਰਖਣਾ ਅਤੇ ਪੰਜਾਬ ਨੂੰ ਹੋਰਨਾਂ ਤੋਂ ਵੀ ਲੁਟਵਾਉਣਾ ਹੈ। ਗਹੁ ਨਾਲ ਵੇਖੀਏ ਤਾਂ ਕਾਂਗਰਸ, ਅਕਾਲੀ, ਬੀ.ਜੇ.ਪੀ, ਅਤੇ ਬੁਰਜੁਆਜ਼ੀ ਦੀਆਂ ਹੋਰ ਸਿਆਸੀ ਪਾਰਟੀਆਂ ਦੀ ਸਿਆਸਤ ਦਾ ਵੀ ਇਹੋ ਨਿਚੋੜ ਹੈ। ਸੀ.ਪੀ.ਆਈ ਅਤੇ ਸੀ.ਪੀ.ਐਮ ਵੀ ਲਿਬਰਲਵਾਦ ਅਤੇ ਸਰਮਾਏਦਾਰਾਨਾ ਸੁਧਾਰਾਂ ਵਿਚ ਇਨ੍ਹਾਂ ਦੇ ਨਾਲ ਨਾਲ ਹਨ। ਜਿਥੇ ਜਿਥੇ ਇਨ੍ਹਾਂ ਦਾ ਰਾਜ ਹੈ ਇਹ ਇਸੇ ਨਜ਼ਰੀਏ ਅਨੁਸਾਰ ਚੱਲਦੇ ਹਨ। ਕੇਂਦਰ ਵਿਚ ਯੂ.ਪੀ.ਏ. ਦੀ ਮਨਮੋਹਨ ਸਿੰਘ ਦੀ ਸਰਕਾਰ ਦੀ ਕੁਰਸੀ ਦੀਆਂ ਲੱਤਾਂ ਨੂੰ ਵੀ ਇਹੋ ਥੰਮੀ ਬੈਠੇ ਹਨ ਜਿਹਦੇ ਤੇ ਬਹਿ ਕੇ ਕੇਂਦਰੀ ਸਰਕਾਰ ਲੋਕ ਦੁਸ਼ਮਣ ਨੀਤੀਆਂ ਦਾ ਬਾਜ਼ਾਰ ਹੋਰ ਵੀ ਗ਼ਰਮ ਕਰ ਰਹੀ ਹੈ। ਸਮੇਂ ਸਮੇਂ ਤੇ ਇਹ ਸਾਰੀਆਂ ਸਿਆਸੀ ਪਾਰਟੀਆਂ ਆਪਸ ਵਿਚ ਲੜਦੀਆਂ ਵੀ ਹਨ ਤੇ ਜੋੜ ਤੋੜ ਵੀ ਕਰਦੀਆਂ ਰਹਿੰਦੀਆਂ ਹਨ ਤਾਂ ਕਿ ਪਾਰਟੀ-ਰਾਜ ਤੇ ਅਧਾਰਤ ਪੂੰਜੀਵਾਦੀ ਲੁੱਟ ਖਸੁੱਟ ਦਾ ਇਹ ਨਿਜ਼ਾਮ ਜਾਰੀ ਰਹੇ ਅਤੇ ਲੋਕਾਂ ਨੂੰ ਤਾਕਤ ਦੇ ਲਾਗੇ ਨਾ ਫ਼ਟਕਣ ਦਿੱਤਾ ਜਾਵੇ। ਲੋਕਾਂ ਦੇ ਮਸਲਿਆਂ ਦੇ ਹੱਲ ਵਿਚ ਇਨ੍ਹਾਂ ਵਿਚੋਂ ਕਿਸੇ ਵੀ ਪਾਰਟੀ ਨੂੰ ਦਿਲਚਸਪੀ ਨਹੀਂ। ਸਿਮਰਨਜੀਤ ਸਿੰਘ ਮਾਨ ਅਤੇ ਉਹਦੀ ਪਾਰਟੀ ਵੀ ਇਸੇ ਥੈਲੀ ਦੇ ਚੱਟੇ-ਵੱਟੇ ਹਨ। ਇਹ ਸਾਰੀਆਂ ਪਾਰਟੀਆਂ ਅਤੇ ਪਾਰਟੀ ਰਾਜ ਦੀ ਪ੍ਰਣਾਲੀ ਮਸਲੇ ਦੀ ਅਸਲੀ ਜੜ੍ਹ ਹਨ ਮਸਲੇ ਦਾ ਹੱਲ ਨਹੀਂ। ਹਾਕਮ ਜਮਾਤਾਂ ਅਤੇ ਉਨ੍ਹਾਂ ਦੀਆਂ ਪਾਰਟੀਆਂ ਹਿੰਦੋਸਤਾਨ ਦੇ ਬਾਕੀ ਹਿਸਿਆਂ ਵਾਂਗ ਹੀ ਪੰਜਾਬ ਦੇ ਲੋਕਾਂ ਨੂੰ ਵੀ ਇਕ ਬਾਰ ਫਿਰ ਭੰਬਲਭੂਸੇ ਵਿਚ ਪਾਕੇ ਆਪਣੇ ਬੁਨਿਆਦੀ ਮਸਲਿਆਂ ਦੇ ਹੱਲ ਲੱਭਣ ਦੇ ਰਾਹ ਤੋਂ ਕੁਰਾਹੇ ਪਾਉਣ ਦਾ ਬਾਜ਼ਾਰ ਗਰਮ ਕਰ ਰਹੀਆਂ ਹਨ। ਪੰਜਾਬੀ ਲੋਕਾਂ ਵਿਚ ਮਜ਼ਹਬੀ ਅਤੇ ਸਿਆਸੀ ਆਧਾਰ ਤੇ ਵੰਡਾਂ ਪਾਉਣ ਲਈ ਇਕ ਵਾਰ ਫਿਰ ਫਿਰਕੂ ਮਹੌਲ ਗਰਮਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਆਪਣੇ ਮਸਲਿਆਂ ਦੇ ਹੱਲ ਲੋਕ ਇਕੱਠੇ ਹੋ ਕੇ ਨਾ ਲੱਭ ਸਕਣ। ਲੋਕਾਂ ਨੂੰ ਹਾਕਮ ਜਮਾਤਾਂ ਦੀ ਇਨ੍ਹਾਂ ਸਾਰੀਆਂ ਹੀ ਸਾਜ਼ਿਸ਼ਾਂ ਤੋਂ ਹੁਸ਼ਿਆਰ ਰਹਿਣ ਦੀ ਲੋੜ ਹੈ ਅਤੇ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਹੱਥ ਕੰਡਿਆਂ ਤੋਂ ਚੌਕਸ ਰਹਿਣਾਂ ਚਾਹੀਦਾ ਹੈ ਅਤੇ ਆਪਣੇ ਮਸਲੇ ਆਪ ਹੱਲ ਕਰਨ ਲਈ ਇਕੱਠੇ ਹੋ ਕੇ ਹੰਭਲਾ ਮਾਰਨ ਦੀ ਲੋੜ ਹੈ।